Roll No. ..................

Total No. of Questions : 20]



[Total No. of Printed Pages : 10

SS

2117

ਸਲਾਨਾ ਪਰੀਖਿਆ ਪ੍ਰਨਾਲੀ

# BUSINESS ECONOMICS AND QUANTITATIVE METHODS–II

(Commerce Group)

(Punjabi, Hindi and English Versions)

Time allowed : Three hours

Maximum marks : 65

## (Punjabi Version)

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **143** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਪ੍ਰਸ਼ਨ-ਪੱਤਰ ਦੇ ਚਾਰ ਭਾਗ ਹੋਣਗੇ **(ਭਾਗ-ੳ, ਭਾਗ-ਅ, ਭਾਗ-ੲ ਅਤੇ ਭਾਗ-ਸ)** ।

(v) **ਭਾਗ-ੳ** : ਵਿੱਚ ਪ੍ਰਸ਼ਨ ਨੰ. **1** ਹੋਵੇਗਾ, ਜਿਸਦੇ ਪੰਜ ਭਾਗ ਹੋਣਗੇ, ਹਰੇਕ ਭਾਗ ਇੱਕ ਅੰਕ ਦਾ ਹੋਵੇਗਾ, ਜਿਨ੍ਹਾਂ ਦਾ ਉੱਤਰ 1-15 ਸ਼ਬਦਾਂ ਵਿੱਚ ਲਿਖੋ ।

(vi) **ਭਾਗ-ਅ** : ਵਿੱਚ ਪ੍ਰਸ਼ਨ ਨੰ. **2** ਤੋਂ **8** ਤੱਕ ਹੋਣਗੇ, ਹਰੇਕ ਪ੍ਰਸ਼ਨ 2 ਅੰਕਾਂ ਦਾ ਹੋਵੇਗਾ, ਜਿਨ੍ਹਾਂ ਦਾ ਉੱਤਰ 5-10 ਲਾਇਨਾਂ ਵਿੱਚ ਲਿਖੋ ।

(vii) **ਭਾਗ-ੲ** : ਵਿੱਚ ਪ੍ਰਸ਼ਨ ਨੰ. **9** ਤੋਂ **17** ਤੱਕ ਹੋਣਗੇ ਹਰੇਕ ਪ੍ਰਸ਼ਨ 4 ਅੰਕਾਂ ਦਾ ਹੋਵੇਗਾ । ਕੋਈ 7 ਪ੍ਰਸ਼ਨ ਕਰਨੇ ਜ਼ਰੂਰੀ ਹਨ । ਇਹਨਾਂ ਦਾ ਉੱਤਰ 15-20 ਲਾਇਨਾਂ ਵਿੱਚ ਦਿਉ ।

(viii) **ਭਾਗ-ਸ** : ਵਿੱਚ ਪ੍ਰਸ਼ਨ ਨੰ. **18–20** ਤੱਕ ਅੰਦਰੂਨੀ ਚੋਣ ਵਾਲੇ ਹੋਣਗੇ, ਹਰੇਕ ਪ੍ਰਸ਼ਨ 6 ਅੰਕਾਂ ਦਾ ਹੋਵੇਗਾ ਜਿਨ੍ਹਾਂ ਦਾ ਉੱਤਰ 3-5 ਪੰਨਿਆਂ ਵਿੱਚ ਲਿਖੋ ।

(ix) ਲੋੜ ਅਨੁਸਾਰ ਚਿੱਤਰ ਬਣਾਓ ।

(x) ਪ੍ਰੋਗਰਾਮਾਂ ਤੋਂ ਬਿਨਾਂ ਸਾਧਾਰਣ ਕੈਲਕੁਲੇਟਰ ਵਰਤਣ ਦੀ ਆਗਿਆ ਹੈ । ਵਿਦਿਆਰਥੀ ਆਪਣਾਂ ਕੈਲਕੁਲੇਟਰ ਪ੍ਰੀਖਿਆ ਭਵਨ ਵਿੱਚ ਲਿਆਉਣ । ਇੱਕ ਦੂਜੇ ਤੋਂ ਮੰਗਣ ਦੀ ਆਗਿਆ ਨਹੀਂ ਹੋਵੇਗੀ ।

### ਭਾਗ-ੳ

1. (a) ਮਧਿਅਕਾ ਬਰਾਬਰ ਹੈ 1

(i) $P_{40}$

(ii) $D_8$

(iii) $Q_2$

(iv) ਉਪਰੋਕਤ ਵਿਚੋਂ ਕੋਈ ਨਹੀਂ

(b) ਭਾਰਿਤ ਸੂਚਕ ਅੰਕ ਕੱਢਣ ਲਈ ਫਿਸ਼ਰ ਦਾ ਸੂਤਰ ਲਿਖੋ । 1

(c) ਠੀਕ ਜਾਂ ਗਲਤ ਲਿਖੋ : 1

ਸਾਧਨ ਲਾਗਤ ਤੇ ਕੁੱਲ ਰਾਸ਼ਟਰੀ ਉਤਪਾਦ = ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦ-ਮੁੱਲ ਘਿਸਾਵਟ ।

(d) ਪੂਰਣ-ਕਾਇਆ ਮੁਦਰਾ ਕੀ ਹੈ ? 1

(e) ਜਦੋਂ ਵਪਾਰ ਸੰਤੁਲਨ 400 ਕਰੋੜ ਰੁਪਏ ਘਾਟੇ ਦਾ ਹੈ ਅਤੇ ਨਿਰਯਾਤ ਦਾ ਮੁੱਲ 1600 ਕਰੋੜ ਰੁਪਏ ਹੈ ਤਾਂ ਆਯਾਤ ਦਾ ਮੁੱਲ ਗਿਆਤ ਕਰੋ । 1

### ਭਾਗ-ਅ

2. ਬਹੁਲਕ ਦੀ ਪਰਿਭਾਸ਼ਾ ਲਿਖੋ । 2

3. ਸ਼ਤਮਕ ਵਿਸਥਾਰ ਕੀ ਹੈ ? 2

4. ਮੁੱਲ ਸੂਚਕ ਅੰਕ ਦੀ ਵਿਆਖਿਆ ਕਰੋ । 2

5. ਬਿਖਰੇ ਬਿੰਦੂ ਵਿਧੀ ਦੇ ਗੁਣਾਂ ਦਾ ਵਰਨਣ ਕਰੋ । 2

6. ਬਜ਼ਾਰ ਕੀਮਤ ਤੇ ਸ਼ੁੱਧ ਰਾਸ਼ਟਰੀ ਉਤਪਾਦ ਕੀ ਹੈ ? 2

7. ਗੁਣਕ ਅਤੇ ਸੀਮਾਂਤ ਉਪਭੋਗ ਪ੍ਰਵ੍ਰਿਤੀ ਦਾ ਸੰਬੰਧ ਬਣਾਉ । 2

8. ਬੈਂਕ ਦਰ ਦੀ ਵਿਆਖਿਆ ਕਰੋ । 2

### ਭਾਗ-ੲ

9. ਹੇਠ ਲਿਖੇ ਆਂਕੜਿਆਂ ਤੋਂ ਮਧਿਅਕਾ ਗਿਆਤ ਕਰੋ : 4

| ਅੰਕ | 10 ਤੋਂ ਘੱਟ | 20 ਤੋਂ ਘੱਟ | 30 ਤੋਂ ਘੱਟ | 40 ਤੋਂ ਘੱਟ | 50 ਤੋਂ ਘੱਟ |
|---|---|---|---|---|---|
| ਵਿਦਿਆਰਥੀਆਂ ਦੀ ਗਿਣਤੀ | 4 | 16 | 40 | 48 | 60 |

10. ਹੇਠਾਂ ਲਿਖੀ ਵੰਡ ਦਾ ਵਿਚਰਨ ਗੁਣਾਂਕ ਪਤਾ ਕਰੋ : 4

| ਅੰਕ | 0–10 | 10–20 | 20–30 | 30–40 | 40–50 |
|---|---|---|---|---|---|
| ਵਿਦਿਆਰਥੀਆਂ ਦੀ ਗਿਣਤੀ | 28 | 48 | 52 | 40 | 32 |

11. ਹੇਠਾਂ ਲਿਖੇ ਡਾਟਾ ਤੋਂ ਅਦਰਸ਼ ਸੂਚਕ ਅੰਕ ਗਿਆਤ ਕਰੋ : 4

| ਵਸਤੂਆਂ | ਕੀਮਤ (ਰੁ.) | | ਮਾਤਰਾ (ਕਿ.ਗ੍ਰ.) | |
|---|---|---|---|---|
| | 2016 | 2017 | 2016 | 2017 |
| A | 9 | 12 | 18 | 21 |
| B | 12 | 15 | 24 | 33 |
| C | 6 | 6 | 9 | 18 |
| D | 21 | 27 | 21 | 30 |

12. ਉਪਭੋਗਤਾ ਦੀ ਆਮਦਨ ਤੇ ਪ੍ਰਤੀਗਮਨ ਸਮੀਕਰਨ ਬਣਾਉ : 4

| ਆਮਦਨ (ਰੁ.) | 100 | 200 | 300 | 400 | 500 | 600 | 700 |
|---|---|---|---|---|---|---|---|
| ਉਪਭੋਗਤਾ | 80 | 180 | 290 | 300 | 380 | 500 | 560 |

13. ਹੇਠਾਂ ਦਿੱਤੀ ਗਈ ਸੂਚਨਾ ਦੀ ਸਹਾਇਤਾ ਨਾਲ ਗਿਆਤ ਕਰੋ : 4

(ੳ) ਸਾਧਨ ਲਾਗਤ ਤੇ ਸ਼ੁਧ ਰਾਸ਼ਟਰੀ ਉਤਪਾਦ

(ਅ) ਵਿਅਕਤੀਗਤ ਆਮਦਨ ।

ਮਦਾਂ

| | |
|---|---|
| (i) ਸਾਧਨ ਲਾਗਤ ਤੇ ਸ਼ੁਧ ਘਰੇਲੂ ਉਤਪਾਦ | 27000 |
| (ii) ਵਿਦੇਸ਼ਾਂ ਤੋਂ ਸ਼ੁਧ ਸਾਧਨ ਆਮਦਨ | 100 |
| (iii) ਸਰਕਾਰੀ ਪ੍ਰਸ਼ਾਸਨਕ ਵਿਭਾਗਾਂ ਦੁਆਰਾ ਅਰਜਿਤ ਸੰਪਤੀ ਅਤੇ ਉੱਦਮ ਤੋਂ ਆਮਦਨ | 650 |
| (iv) ਰਾਸ਼ਟਰੀ ਕਰਜ਼ੇ ਤੇ ਵਿਆਜ | 300 |
| (v) ਕੰਪਨੀ ਕਰ R% ਨਿਗਮ ਕਰ | 400 |
| (vi) ਪਰਿਵਾਰ ਦੁਆਰਾ ਦਿੱਤਾ ਗਿਆ ਪ੍ਰਤੱਖ ਕਰ | 600 |

14. ਮੁਦਰਾ ਨੀਤੀ ਦੇ ਅੰਤਰਗਤ ਕੀਤੇ ਜਾਣ ਵਾਲੇ ਮਾਤਰਾਤਮਕ ਉਪਾਆਂ ਦਾ ਵਰਨਣ ਕਰੋ । 4

15. ਕੇਂਦਰੀ ਬੈਂਕ ਦੇ ਵੱਖ-ਵੱਖ ਕੰਮਾਂ ਬਾਰੇ ਲਿਖੋ । 4

16. ਪ੍ਰਤੱਖ ਟੈਕਸ ਅਤੇ ਅਪ੍ਰਤੱਖ ਟੈਕਸ ਬਾਰੇ ਤੁਸੀਂ ਕੀ ਜਾਣਦੇ ਹੋ ? ਲਿਖੋ । 4

17. ਭੁਗਤਾਨ ਬਾਕੀ ਵਿੱਚ ਪੂੰਜੀ ਖਾਤੇ ਦੀਆਂ ਵੱਖ-ਵੱਖ ਮਦਾਂ ਦਾ ਵਰਨਣ ਕਰੋ । 4

## ਭਾਗ-ਸ

**18.** ਹੇਠ ਲਿਖੀ ਆਵ੍ਰਿਤੀ ਵੰਡ ਵਿੱਚ ਵਰਗ ਅੰਤਰ 40-50 ਦੀ ਆਵ੍ਰਿਤੀ ਨਹੀਂ ਪਤਾ, ਇਸ ਦਾ ਪਤਾ ਕਰੋ । ਜੇ ਇਸ ਵੰਡ ਦੀ ਔਸਤ 52 ਰੁਪਏ ਹੋਵੇ । 6

| ਮਜ਼ਦੂਰੀ (ਰੁ.) | 10–20 | 20–30 | 30–40 | 40–50 | 50–60 | 60–70 | 70–80 |
|---|---|---|---|---|---|---|---|
| ਕਾਮਿਆਂ ਦੀ ਗਿਣਤੀ | 15 | 9 | 12 | ? | 6 | 18 | 39 |

ਜਾਂ

ਅਕਾਊਂਟੈਂਸੀ ਅਤੇ ਗਣਿਤ ਵਿੱਚੋਂ ਪ੍ਰਾਪਤ ਅੰਕਾਂ ਵਿੱਚ ਸਹਿਸੰਬੰਧ ਪਤਾ ਕਰੋ । 6

| ਅਕਾਊਂਟੈਂਸੀ ਵਿੱਚੋਂ ਪ੍ਰਾਪਤ ਅੰਕ | 30 | 38 | 47 | 56 | 78 | 100 | 108 | 58 |
|---|---|---|---|---|---|---|---|---|
| ਗਣਿਤ ਵਿੱਚੋਂ ਪ੍ਰਾਪਤ ਅੰਕ | 82 | 63 | 55 | 46 | 37 | 24 | 48 | 42 |

**19.** ਭੁਗਤਾਨ ਬਾਕੀ ਦੇ ਅਸੰਤੁਲਨ ਦੇ ਕੀ ਕਾਰਣ ਹਨ ? ਵਿਆਖਿਆ ਕਰੋ । 6

ਜਾਂ

ਘੱਟ ਅਤੇ ਅਤਿ ਅਧਿਕ ਮੰਗ ਨੂੰ ਠੀਕ ਕਰਨ ਦੇ ਉਪਾਆਂ ਦਾ ਵਰਨਣ ਕਰੋ । 6

**20.** ਹੇਠ ਦਿੱਤੀ ਕ੍ਰਮਬੱਧ ਸੂਚਕ ਅੰਕ ਤੋਂ ਸਥਿਰ ਅਧਾਰ ਸੂਚਕ ਅੰਕ ਤਿਆਰ ਕਰੋ : 6

| ਸਾਲ | 1982 | 1983 | 1984 | 1985 | 1986 | 1987 |
|---|---|---|---|---|---|---|
| ਕ੍ਰਮਬੱਧ ਸੂਚਕ ਅੰਕ | 60 | 120 | 140 | 100 | 150 | 160 |

ਜਾਂ

ਬਚਤ ਵਿਧੀ ਨਾਲ ਰਾਸ਼ਟਰੀ ਆਮਦਨ ਕਿਵੇਂ ਮਾਪੀ ਜਾਂਦੀ ਹੈ ? ਵਿਆਖਿਆ ਕਰੋ । 6

**(Hindi Version)**